**ਨਿਊਜ਼** ਰਿਲੀਜ਼

# ਬਜਟ 2024: ਵਧ ਰਹੇ ਸੂਬੇ ਲਈ ਇੱਕ ਜ਼ਿੰਮੇਵਾਰ ਯੋਜਨਾ

29 ਫਰਵਰੀ, 2024

ਅਲਬਰਟਾ ਦੀ ਸਰਕਾਰ ਨੇ ਬਜਟ 2024 - ਸਿਹਤ ਸੰਭਾਲ ਅਤੇ ਸਿੱਖਿਆ ਨੂੰ ਮਜ਼ਬੂਤ ਕਰਨ, ਸੁਰੱਖਿਅਤ ਭਾਈਚਾਰਿਆਂ ਦਾ ਨਿਰਮਾਣ ਕਰਨ ਅਤੇ ਵਧ ਰਹੇ ਸੂਬੇ ਨੂੰ ਸਮਰਥਨ ਦੇਣ ਲਈ ਇੱਕ ਸਾਵਧਾਨ ਵਿੱਤੀ ਯੋਜਨਾ, ਜਾਰੀ ਕੀਤਾ ਹੈ।

ਬਜਟ 2024 ਸੰਤੁਲਿਤ ਬਜਟਾਂ - ਸਰਕਾਰ ਕੋਲ ਜਿੰਨਾ ਪੈਸਾ ਹੋਵੇਗਾ ਉਸ ਤੋਂ ਵੱਧ ਖਰਚ ਨਹੀਂ ਕਰਨਾ, ਦੇ ਤਿੰਨ ਹੋਰ ਸਾਲਾਂ ਦੇ ਪੇਸ਼ ਕਰਦਾ ਹੈ।

ਅਤੇ ਇਹ ਖਰਚ ਕਰਨ ਨੂੰ ਸਭ ਤੋਂ ਪਹਿਲਾਂ ਅਲਬਰਟਾ ਦੇ ਪਰਿਵਾਰਾਂ 'ਤੇ ਕੇਂਦਰਿਤ ਕਰਦਾ ਹੈ, ਉਨ੍ਹਾਂ ਦੀ ਸਿਹਤ, ਸਿੱਖਿਆ, ਸੁਰੱਖਿਆ, ਅਤੇ ਆਰਥਿਕ ਵਿਕਾਸ ਅਤੇ ਸਫਲਤਾ ਵਿੱਚ ਨਿਵੇਸ਼ ਕਰਕੇ। ਤਰਜੀਹੀ ਨਿਵੇਸ਼ਾਂ ਵਿੱਚ ਸ਼ਾਮਲ ਹਨ:

- **ਸਿਹਤ ਅਤੇ ਮਾਨਸਿਕ ਸਿਹਤ ਸਹਾਇਤਾ**: ਓਪਰੇਟਿੰਗ ਡਾਲਰਾਂ ਵਿੱਚ $26.2 ਬਿਲੀਅਨ, 2023-24 ਲਈ ਪੂਰਵ ਅਨੁਮਾਨ ਨਾਲੋਂ 4.4 ਪ੍ਰਤੀਸ਼ਤ ਵਾਧਾ।
- **ਸਿੱਖਿਆ ਸਹਾਇਤਾ:** ਓਪਰੇਟਿੰਗ ਖਰ ਵਿੱਚ $9.3 ਬਿਲੀਅਨ, 4.4 ਪ੍ਰਤੀਸ਼ਤ ਵਾਧਾ।
- **ਸਮਾਜਿਕ ਸਹਾਇਤਾ:** ਅਸ਼ੋਅਰਡ ਇਨਕਮ ਫਾਰ ਦ ਸਵੀਅਰਲੀ ਹੈਂਡੀਕੈਪਡ ਪ੍ਰੋਗਰਾਮ, ਅਲਬਰਟਾ ਸੀਨੀਅਰਜ਼ ਬੈਨੀਫਿਟ ਅਤੇ ਹੋਰ ਸਮਾਜਿਕ ਸਹਾਇਤਾ ਪ੍ਰੋਗਰਾਮਾਂ ਰਾਹੀਂ 2024-25 ਵਿੱਚ ਅਲਬਰਟਾ ਦੇ ਲੋਕਾਂ ਲਈ $2.9 ਬਿਲੀਅਨ ਦੇ ਨਾਲ ਹੀ ਅਲਬਰਟਾ ਚਾਈਲਡ ਐਂਡ ਫੈਮਲੀ ਬੈਨੀਫਿਟ ਲਈ $355 ਮਿਲੀਅਨ।
- **ਕਰਮਚਾਰੀਆਂ ਦਾ ਸਮਰਥਨ ੇ:** 3,200 ਅਪ੍ਰੈਂਟਿਸਸ਼ਿਪ ਕਲਾਸਰੂਮ ਸੀਟਾਂ ਨੂੰ ਜੋੜਨ ਦੇ ਲਈ ਤਿੰਨ ਸਾਲਾਂ ਵਿੱਚ $102 ਮਿਲੀਅਨ ਦੇ ਵਾਧੇ ਦੇ ਨਾਲ ਹੀ ਡਾਕਟਰ ਸਿੱਖਿਆ ਦਾ ਵਿਸਤਾਰ ਕਰਨ ਲਈ $62.4 ਮਿਲੀਅਨ।
- **ਜਨਤਕ ਸੁਰੱਖਿਆ ਸਹਾਇਤਾ:** ਪੁਲਿਸ ਅਤੇ ਮਾਨਸਿਕ ਸਿਹਤ ਸੰਕਟ ਟੀਮਾਂ ਦਾ ਸਮਰਥਨ ਕਰਨ ਅਤੇ ਸਟ੍ਰੀਟ-ਪੱਧਰ ਦੀ ਪੁਲਿਸ ਨੂੰ ਤਾਇਨਾਤ ਕਰਨ ਲਈ ਪਬਲਿਕ ਸੇਫਟੀ ਅਤੇਐਮਰਜੈਂਸੀ ਸੇਵਾਵਾਂ ਲਈ $1.2 ਬਿਲੀਅਨ।
- **ਬੁਨਿਆਦੀ ਢਾਂਚਾ (ਸਕੂਲ, ਸੜਕਾਂ, ਹਸਪਤਾਲ):** ਕੁੱਲ ਮਿਲਾ ਕੇ, ਸਕੂਲਾਂ, ਹਸਪਤਾਲਾਂ, ਸੜਕਾਂ ਅਤੇ ਹੋਰ ਬੁਨਿਆਦੀ ਢਾਂਚੇ ਦੇ ਨਿਰਮਾਣ ਲਈ ਤਿੰਨ ਸਾਲਾਂ ਵਿੱਚ $25 ਬਿਲੀਅਨ ਪੂੰਜੀ ਫੰਡਿੰਗ, ਜੋ ਪੂਰੇ ਸੂਬੇ ਵਿੱਚ 24,000 ਸਿੱਧੀਆਂ ਨੌਕਰੀਆਂ ਅਤੇ 13,000 ਅਸਿੱਧਿਆਂ ਨੌਕਰੀਆਂ ਦਾ ਸਮਰਥਨ ਕਰਦੇ ਹਨ।

**ਨਿਊਜ਼** ਰਿਲੀਜ਼

ਸੂਬਾ ਅਲਬਰਟਾ ਹੈਰੀਟੇਜ ਸੇਵਿੰਗਜ਼ ਟਰੱਸਟ ਫੰਡ ਵਿੱਚ $3 ਬਿਲੀਅਨ ਤੋਂ ਵੱਧ ਦੀ ਬਚਤ ਵੀ ਕਰੇਗਾ, ਜਿਸ ਨਾਲ ਫੰਡ ਦਾ ਮੁੱਲ ਅੰਦਾਜ਼ਨ $25 ਬਿਲੀਅਨ ਹੋ ਜਾਵੇਗਾ।

2024-25 ਵਿੱਚ, ਕੁੱਲ ਆਮਦਨ $73.5 ਬਿਲੀਅਨ ਅਤੇ ਕੁੱਲ ਖਰਚ $73.2 ਬਿਲੀਅਨ ਹੋਣ ਦਾ ਅਨੁਮਾਨ ਹੈ।

**ਮੀਡੀਆ ਪੁੱਛਗਿੱਛ**

Savannah Johannsen (ਸਵੈਨਾ ਜੋਹੈਨਸਨ)

savannah.johannsen@gov.ab.ca
780-686-3521
ਪ੍ਰੈਸ ਸਕੱਤਰ, ਟ੍ਰੇਜ਼ਰੀ ਬੋਰਡ ਅਤੇ ਵਿੱਤ